ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 2-ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ।

ਮੀਮੋ ਨੰ: 26/07/2021-Health2/6577
ਮਿਤੀ, ਚੰਡੀਗੜ੍ਹ; 01.11.2021

ਵਿਸ਼ਾ **ਸੈਸ਼ਨ 2021-2024 ਦੌਰਾਨ Non Incentive Category ਅਧੀਨ ਪੀ.ਜੀ. ਕੋਰਸ ਕਰਨ ਲਈ ਕੌਂਸਲਿੰਗ ਅਟੈਂਡ ਕਰਨ ਵਾਸਤੇ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਕਰਨ ਸਬੰਧੀ .**

****

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰਾਂ ਰਾਹੀਂ ਪ੍ਰਾਪਤ ਤਜਵੀਜਾਂ/ਸਿਫਾਰਸ਼ਾਂ ਦੇ ਸਨਮੁੱਖ ਹੇਠ ਦਰਸਾਏ ਗਏ ਪੀ.ਸੀ.ਐਮ.ਐਸ. ਮੈਡੀਕਲ ਅਫਸਰਾਂ ਨੂੰ ਨਾਨ ਇੰਨਸੈਂਟਿਵ ਕੈਟਾਗਰੀ ਅਧੀਨ ਪੀ.ਜੀ. ਕੋਰਸ ਕਰਨ ਲਈ ਕਾਊਂਸਲਿੰਗ ਅਟੈਂਡ ਕਰਨ ਲਈ ਪ੍ਰੋਵੀਜ਼ਨਲ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ / ਸੇਵਾ ਨੰ: / ਪੋਸਟਿੰਗ ਦਾ ਸਥਾਨ | ਕੈਟਾਗਰੀ / ਵਿਸ਼ੇਸ਼ ਕਥਨ |
|---|---|---|
| 1 | ਡਾ. ਦੀਪਿਕਾ ਬਾਂਸਲ, ਮੈਡੀਕਲ ਅਫਸਰ, ਮੈਰਿਟ ਨੰ: 61/ਜੀ.ਸੀ./2009, ਐਸ.ਡੀ.ਐਚ. ਸਮਾਣਾ, ਜਿਲ੍ਹਾ ਪਟਿਆਲਾ। | ਨਾਨ ਇੰਨਸੈਂਟਿਵ |
| 2 | ਡਾ. ਸੁਮੀਤ ਮੋਦੀ, ਮੈਡੀਕਲ ਅਫਸਰ, ਮੈਰਿਟ ਨੰ: 59/ਜੀ.ਸੀ./2013, ਈ.ਐਸ.ਆਈ. ਡਿਸਪੈਂਸਰੀ ਭਾਂਖਰਪੁਰ ਐਟ ਲਾਲੜੂ। | ਨਾਨ ਇੰਨਸੈਂਟਿਵ |

3. ਡਾਕਟਰੈਕਟੋਰੇਟ ਵੱਲੋਂ ਪ੍ਰਾਪਤ ਤਜਵੀਜ/ਵੇਰਵਿਆਂ ਅਨੁਸਾਰ ਉਕਤ ਮੈਡੀਕਲ ਅਫਸਰਾਂ ਨੂੰ ਸਰਕਾਰ ਦੀਆਂ ਪੀ.ਜੀ. ਸਬੰਧੀ ਹਦਾਇਤਾਂ ਪੱਤਰ ਨੰ: 26/142/18-2HB2/1509055/1-3, ਮਿਤੀ 25.06.2019 ਵਿੱਚ ਦਰਜ ਸ਼ਰਤਾਂ ਦੇ ਪੈਰਾ ਨੰ: 3 ਅਨੁਸਾਰ Non Incentive Category ਅਧੀਨ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ।

4. ਸਰਕਾਰ ਵੱਲੋਂ ਜਾਰੀ ਹਦਾਇਤਾਂ ਮਿਤੀ 25.06.2019 ਦੇ ਪੈਰਾ ਨੰ: 7 ਅਨੁਸਾਰ ਪੀ.ਜੀ. ਕੋਰਸ ਕਰ ਰਹੇ ਮੈਡੀਕਲ ਅਫਸਰਾਂ ਨੂੰ ਐਨ.ਪੀ.ਏ. (Non Practicing Allowance) ਨਹੀਂ ਦਿੱਤਾ ਜਾਵੇਗਾ।

5. ਐਨ.ਓ.ਸੀ. ਜਾਰੀ ਕਰਨ ਦੀ ਆਖਿਰੀ ਮਿਤੀ ਹੋਣ ਕਾਰਣ ਅਤੇ ਸਕੱਤਰੇਤ ਵਿਖੇ ਹੜਤਾਲ ਹੋਣ ਕਾਰਣ ਡ.ਸ.ਪ.ਭ. ਦੀ ਤਜਵੀਜ ਨੂੰ ਸਹੀ ਮੰਨਦੇ ਹੋਏ ਉਕਤ ਡਾਕਟਰਾਂ ਨੂੰ ਪ੍ਰੋਵੀਜ਼ਨਲ ਐਨ.ਓ.ਸੀ. ਇਸ ਸ਼ਰਤ ਤੇ ਜਾਰੀ ਕੀਤੇ ਜਾਂਦੇ ਹਨ ਕਿ ਜੇਕਰ ਬਾਅਦ ਵਿੱਚ ਸਕਰੂਟਨੀ ਕਰਨ ਦੌਰਾਨ ਕਿਸੇ ਵੀ ਕਿਸਮ ਦੀ ਕਮੀ ਪਾਈ ਜਾਂਦੀ ਹੈ ਤਾਂ ਇਨ੍ਹਾਂ ਐਨ.ਓ.ਸੀਜ਼ ਨੂੰ ਕਿਸੇ ਵੀ ਸਮੇਂ ਰੱਦ ਕਰਨ ਦੇ ਅਖਤਿਆਰ ਸਰਕਾਰ ਪਾਸ ਰਾਖਵੇਂ ਹੋਣਗੇ। ਜੇਕਰ ਡਾਕਟਰ ਦੀ ਸਲੈਕਸ਼ਨ ਹੋ ਜਾਂਦੀ ਹੈ ਤਾਂ ਉਹ ਰਲੀਵ ਹੋਣ ਲਈ ਸਰਕਾਰ ਤੋਂ ਫਾਰਮਲ ਐਨ.ਓ.ਸੀ. ਲੈ ਕੇ ਜਾਵੇਗਾ।

6. ਇਹ ਪੱਤਰ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

**ਪਿੰਠ ਅੰਕਣ ਨੰ:** 26/07/2021-Health2/6578-6582 **ਮਿਤੀ:ਚੰਡੀਗੜ੍ਹ: 01.11.2021**

ਇਸ ਦਾ ਇਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ।
3. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ। (ਵੈਬਸਾਇਟ ਰਾਹੀਂ https://health.punjab.gov.in)
4. ਸਬੰਧਤ ਸਿਵਲ ਸਰਜਨ। (ਵੈਬਸਾਇਟ ਰਾਹੀਂ https://health.punjab.gov.in)
5. ਸਬੰਧਤ ਡਾਕਟਰ। (ਵੈਬਸਾਇਟ ਰਾਹੀਂ https://health.punjab.gov.in)

ਸੁਪਰਡੰਟ

Scanned with CamScanner